# ਪੰਜਾਬ ਵਿਧਾਨ ਸਭਾ ਸਕੱਤਰੇਤ

**ਮੰਗਲਵਾਰ, ਮਿਤੀ 28 ਜੂਨ, 2022 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਸਵੇਰ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨ੍ਹਾਂ ਨਿਸ਼ਾਨ ਵਾਲੇ ਪ੍ਰਸ਼ਨ।**

**ਕਿਰਤ ਵਿਭਾਗ ਵਿਖੇ ਇੰਸਪੈਕਟਰ ਅਤੇ ਹੋਰ ਸਟਾਫ ਦੀ ਕਮੀ ਨੂੰ ਪੂਰਾ ਕਰਨਾ**

9. **ਸ਼੍ਰੀ ਬੁੱਧ ਰਾਮ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਵਿੱਚ ਕਿਰਤ ਇੰਸਪੈਕਟਰਾਂ ਦੀਆਂ ਪੋਸਟਾਂ ਖਾਲੀ ਹੋਣ ਕਰਕੇ ਮਜਦੂਰਾਂ ਨੂੰ ਉਹਨਾਂ ਦੇ ਲਾਭ ਲਈ ਬਣੀਆ ਸਕੀਮਾਂ ਦਾ ਪੂਰਾ ਲਾਭ ਨਹੀਂ ਮਿਲ ਰਿਹਾ ਅਤੇ ਲਾਭਪਾਤਰੀ ਨੂੰ ਕਾਪੀਆਂ ਬਣਾਉਣ ਵਿੱਚ ਮੁਸ਼ਕਿਲ ਆ ਰਹੀ ਹੈ ਕਿਉਂਕਿ ਇਕ-ਇਕ ਕਿਰਤ ਇੰਸਪੈਕਟਰ ਕੋਲ ਪੰਜ-ਪੰਜ ਸਬ ਡਵੀਜਨਾਂ ਦਾ ਚਾਰਜ ਹੈ;

ਅ) ਕੀ ਸਰਕਾਰ ਕਿਰਤ ਵਿਭਾਗ ਵਿੱਚ ਕਿਰਤ ਇੰਸਪੈਕਟਰ ਸਮੇਤ ਬਾਕੀ ਅਮਲੇ ਦੀਆਂ ਪੋਸਟਾਂ ਭਰਨ ਦਾ ਵਿਚਾਰ ਰੱਖਦੀ ਹੈ ਜੇਕਰ ਹਾਂ ਤਾਂ ਕਦੋਂ ਤੱਕ?

**ਦੋਰਾਹਾ (ਹਲਕਾ ਪਾਇਲ) ਵਿਖੇ ਸੀਵਰੇਜ਼ ਟ੍ਰੀਟਮੈਂਟ ਪਲਾਂਟਾਂ ਨੂੰ ਸੰਭਾਲਣ ਦੀ ਜਿੰਮੇਵਾਰੀ**

16. **ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਦੋਰਾਹਾ (ਹਲਕਾ ਪਾਇਲ) ਵਿਖੇ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਨੂੰ ਸੰਭਾਲਣ ਦੀ ਜਿੰਮੇਵਾਰੀ ਕਿਸ ਦੀ ਹੈ;

ਅ) ਕੀ ਇਹ ਠੀਕ ਹੈ ਕਿ ਕਰੋੜਾਂ ਦੀ ਲਾਗਤ ਨਾਲ ਬਣੇ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਵਿੱਚ ਕਿਸੇ ਵੀ ਵਿਭਾਗ ਦੀ ਜਿੰਮੇਵਾਰੀ ਤਹਿ ਨਾ ਹੋਣ ਕਾਰਨ ਲੋਕਾਂ ਦੇ ਘਰਾਂ ਵਿੱਚ ਸੀਵਰੇਜ ਦਾ ਗੰਦਾ ਪਾਣੀ ਵੜ ਰਿਹਾ ਹੈ ਅਤੇ ਆਮ ਲੋਕ ਭਿਆਨਿਕ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ;

ੲ) ਦੋਰਾਹਾ ਦੇ ਲੋਕਾਂ ਨੂੰ ਸੀਵਰੇਜ ਦੇ ਗੰਦੇ ਪਾਣੀ ਤੋਂ ਕਦੋਂ ਨਿਜਾਤ ਮਿਲੇਗੀ?

**ਸੰਗਰੂਰ ਵਿੱਚ ਇੰਪਰੂਵਮੈਂਟ ਟਰੱਸਟ ਦੁਆਰਾ ਕੀਤੇ ਕੰਮਾਂ ਦੇ ਵੇਰਵੇ**

27. **ਬੀਬਾ ਨਰਿੰਦਰ ਕੌਰ ਭਰਾਜ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਇੰਪਰੂਵਮੈਂਟ ਟਰੱਸਟ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਦੀ ਸੂਚੀ ਕੀ ਹੈ ਅਤੇ ਇਨ੍ਹਾਂ ਕੰਮਾਂ ਨੂੰ ਕਰਨ ਲਈ ਲਾਗੂ ਹੋਣ ਵਾਲੇ ਨਿਯਮ/ਵਿਨਿਯਮ ਜਾਂ ਉਪ ਨਿਯਮ ਅਤੇ ਕਾਨੂੰਨ ਕੀ ਹੈ;

ਅ) ਕੀ ਉਪਰੋਕਤ ਵਰਣਿਤ ਕੰਮਾਂ ਦੀ ਸੂਚੀ ਤੋਂ ਇਲਾਵਾ ਇੰਪਰੂਵਮੈਂਟ ਟਰੱਸਟ ਕੋਲ ਕੋਈ ਹੋਰ ਕੰਮ ਵੀ ਕਰਵਾਉਣ ਦਾ ਅਧਿਕਾਰ ਹੈ;

ੲ) ਪਿਛਲੇ ਤਿੰਨ ਸਾਲਾਂ ਅਰਥਾਤ 2019-20, 2020-21, 2021-22 ਦੇ ਦੌਰਾਨ ਸੰਗਰੂਰ ਵਿੱਚ ਇੰਪਰੂਵਮੈਂਟ ਟਰੱਸਟ ਦੁਆਰਾ ਕੀਤੇ ਗਏ ਕੰਮਾਂ ਦੀ ਸੂਚੀ ਵੇਰਵੇ ਸਹਿਤ ਦਿੱਤੀ ਜਾਵੇ?

**ਸਥਾਨਕ ਸਰਕਾਰ ਵਿਭਾਗ ਵਿਖੇ ਅਨੁਸੂਚਿਤ ਜਾਤੀ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੇ ਵੇਰਵੇ**

37. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਥਾਨਕ ਸਰਕਾਰ ਵਿਭਾਗ ਵਿੱਚ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਲੋਕਾਂ ਲਈ ਮੰਨਜੂਰਸ਼ੁਦਾ ਅਸਾਮੀਆਂ ਲਈ ਗਰੁੱਪ-ਵਾਰ ਕੁੱਲ ਗਿਣਤੀ ਅਤੇ ਮੌਜੂਦਾ ਸਮੇਂ ਵਿੱਚੋ ਖਾਲੀ ਪਈਆਂ ਅਸਾਮੀਆਂ ਦੀ ਗਰੁੱਪ-ਵਾਰ ਗਿਣਤੀ ਕਿੰਨੀ ਹੈ;

ਅ) ਅਨੁਸੂਚਿਤ ਜਾਤੀਆਂ ਦੀਆਂ ਖਾਲੀ ਪਈਆਂ ਰਾਖਵੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਦੁਆਰਾ ਕੀ ਕਾਰਵਾਈ ਕੀਤੀ ਜਾ ਰਹੀ ਹੈ?

**ਹਰੀਕੇ ਜੰਗਲੀ ਜੀਵ ਸੈਂਚੂਰੀ ਦੇ ਰਕਬੇ ਨੂੰ ਕਬਜਾ ਮੁਕਤ ਕਰਵਾਉਣਾ**

45. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.**:- ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਰੀਕੇ ਜੰਗਲੀ ਜੀਵ ਸੈਂਚੂਰੀ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਇਸ ਵਿੱਚ ਜੰਗਲਾਤ ਅਧੀਨ ਕਿੰਨਾ ਰਕਬਾ ਹੈ;

ਅ) ਕੀ ਇਹ ਠੀਕ ਹੈ ਕਿ ਉਕਤ ਸੈਂਚੂਰੀ ਦਾ ਵੱਡਾ ਹਿੱਸਾ ਨਜ਼ਾਇਜ ਕਬਜ਼ੇ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ;

ੲ) ਕੀ ਸਰਕਾਰ ਉਨ੍ਹਾਂ ਲੋਕਾਂ ਤੇ ਜਿਨ੍ਹਾਂ ਨੇ ਸੈਂਚੂਰੀ ਦੀ ਜਮੀਨ ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਇਸਦੇ ਲਈ ਜ਼ਿਮੇਵਾਰ ਸਰਕਾਰੀ ਅਧਿਕਾਰੀਆਂ ਦੇ ਖਿਲਾਫ ਸ਼ਖਤ ਕਾਰਵਾਈ ਕਰੇਗੀ, ਜੇਕਰ ਅਜਿਹਾ ਨਾ ਹੋਵੇ ਤਾਂ ਇਸ ਦੇ ਕਾਰਣ ਕੀ ਹਨ;

ਸ) ਸਰਕਾਰ ਵੱਲੋਂ ਹਰੀਕੇ ਜੰਗਲੀ ਜੀਵ ਸੈਂਚੂਰੀ ਦੇ ਰਕਬੇ ਨੂੰ ਕਬਜ਼ਾ ਮੁਕਤ ਕਰਨ ਲਈ ਚੁੱਕੇ ਗਏ ਅਤੇ ਚੁੱਕੇ ਜਾਣ ਵਾਲੇ ਕਦਮ ਕੀ ਹਨ?

ਪਰਤੋਂ ਜੀ..........

**ਨਜਾਇਜ਼ ਕਬਜਿਆਂ ਅਧੀਨ ਪੰਚਾਇਤੀ/ਸ਼ਾਮਲਾਟ ਜਮੀਨ ਦੀ ਕੀਮਤ**

46. **ਸ਼੍ਰੀ ਵਿਕਰਮਜੀਤ ਸਿੰਘ ਚੌਧਰੀ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਵਿੱਚ ਨਜਾਇਜ਼ ਕਬਜਿਆਂ ਅਧੀਨ ਪੰਚਾਇਤ/ਸ਼ਾਮਲਾਟ ਜਮੀਨ ਦੀ ਕੀਮਤ ਕੀ ਹੈ;

ਅ) ਸਰਕਾਰ ਦੁਆਰਾ ਅਜਿਹੀ ਜਮੀਨ ਕਬਜ਼ਾ ਧਾਰਕਾਂ ਤੋਂ ਛੁਡਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ;

ੲ) ਇਸ ਸਾਲ ਹੁਣ ਤੱਕ ਨਜਾਇਜ਼ ਕਬਜਿਆਂ ਤੋਂ ਛੁਡਾਈ ਗਈ ਜਮੀਨ ਦੀ ਕੁੱਲ ਕੀਮਤ ਕੀ ਹੈ?

**ਸਰਕਾਰੀ ਆਈ.ਟੀ.ਆਈ. ਸਿੰਘਪੁਰਾ ਵਿੱਚ ਨਵਾਂ ਸਟਾਫ, ਨਵੀਆਂ ਟਰੇਡਸ ਅਤੇ ਡੀ.ਡੀ.ਓ. ਪਾਵਰਾਂ ਦੇਣਾ**

59. **ਸ਼੍ਰੀ ਦਿਨੇਸ਼ ਚੱਢਾ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਰੋਪੜ ਦੀ ਸਰਕਾਰੀ ਆਈ.ਟੀ.ਆਈ. ਸਿੰਘਪੁਰਾ ਵਿੱਚ ਨਵਾਂ ਸਟਾਫ, ਨਵੀਆਂ ਟਰੇਡਸ, ਡੀ.ਡੀ.ਓ. ਪਾਵਰਾਂ ਦੇਣ ਲਈ ਸਰਕਾਰ ਵੱਲੋਂ ਕੋਈ ਕਦਮ ਚੁੱਕੇ ਜਾ ਰਹੇ ਹਨ; ਜੇਕਰ ਹਾਂ ਤਾਂ ਵੇਰਵੇ ਦਿੱਤੇ ਜਾਣ?

**ਪੰਜਾਬ ਨੰਬਰਦਾਰ ਯੂਨੀਅਨ ਦੀ ਮੁੱਖ ਮੰਗਾਂ ਮੰਨਣਾ**

71. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਸਰਕਾਰ ਪੰਜਾਬ ਨੰਬਰਦਾਰ ਯੂਨੀਅਨ ਦੀਆਂ ਮੁੱਖ ਮੰਗਾਂ ਮੰਨਣ ਲਈ ਅਤੇ ਵਧੀਆਂ ਸੇਵਾਵਾਂ ਨਿਭਾਉਣ ਵਾਲੇ ਨੰਬਰਦਾਰਾਂ ਨੂੰ 15 ਅਗਸਤ ਅਤੇ 26 ਜਨਵਰੀ ਨੂੰ ਸਨਮਾਨਿਤ ਕਰਨ ਲਈ ਤਿਆਰ ਹੈ; ਜੇਕਰ ਹਾਂ ਤਾਂ ਅਜਿਹਾ ਕਦੋਂ ਤੱਕ ਕਰ ਦਿੱਤਾ ਜਾਵੇਗਾ?

**ਖੇਤੀ ਲਈ ਨਹਿਰੀ ਸਿੰਚਾਈ ਦੇ ਪੁਖਤਾ ਪ੍ਰਬੰਧ ਕਰਨੇ**

75. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਧਰਤੀ ਹੇਠਲੇ ਪਾਣੀ ਨੂੰ ਧਿਆਨ ਵਿੱਚ ਰੱਖਦੇ ਹੋਏ ਖੇਤੀ ਲਈ ਨਹਿਰੀ ਸਿੰਚਾਈ ਦੇ ਪੁਖਤਾ ਪ੍ਰਬੰਧ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਐਸ.ਸੀ. ਉਮੀਦਵਾਰਾਂ ਨੂੰ ਨੌਕਰੀ ਅਪਲਾਈ ਕਰਨ ਸਮੇਂ ਫੀਸ ਵਿੱਚ ਛੋਟ ਦੇਣਾ**

76. **ਸਰਦਾਰ ਲਾਭ ਸਿੰਘ ਉਗੋਕੇ, ਐਮ.ਐਲ.ਏ.:-** ਕੀ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕੀ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਉਮੀਦਵਾਰ ਨੂੰ ਸਰਕਾਰੀ ਨੌਕਰੀ ਲਈ ਅਪਲਾਈ ਕਰਨ ਸਮੇਂ ਫੀਸਾਂ ਦਾ ਭੁਗਤਾਨ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਫੀਸ ਮਾਫ਼ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹਾਂ ਤਾਂ ਕਦੋਂ ਤੱਕ?

**ਸਾਲ 2002 ਤੋਂ 2022 ਹੁਣ ਤੱਕ ਮਾਈਨਿੰਗ (ਰੇਤਾ ਅਤੇ ਬਜਰੀ) ਦੇ ਵੇਰਵੇ**

77. **ਡਾ. ਸੁਖਵਿੰਦਰ ਕੁਮਾਰ, ਐਮ.ਐਲ.ਏ.:-** ਕੀ ਮਾਈਨਜ਼ ਅਤੇ ਜਿਆਲੋਜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਰਾਜ ਨੂੰ ਵਿੱਤੀ ਸਾਲ 2002-2003 ਤੋਂ 2021-2022 ਤੱਕ ਮਾਈਨਿੰਗ (ਰੇਤਾ ਅਤੇ ਬਜ਼ਰੀ) ਤੋਂ ਸਾਲਵਾਰ ਕਿੰਨਾਂ-ਕਿੰਨਾਂ ਮਾਲੀਆ ਇਕੱਤਰ ਕਰਨ ਦਾ ਟੀਚਾ ਮਿਥਿਆ ਅਤੇ ਕਿੰਨਾ ਇੱਕਤਰ ਹੋਇਆ ਸੀ ਅਤੇ ਸਾਲ 2022-23 ਵਿੱਚ ਮਾਈਨਿੰਗ ਤੋਂ ਕਿੰਨੀ ਆਮਦਨ ਇਕੱਤਰ ਕਰਨ ਦਾ ਟੀਚਾ ਮਿੱਥਿਆ ਗਿਆ ਹੈ;

ਅ) ਕੀ ਰਾਜ ਵੱਲੋਂ ਇਸ ਸਮੇਂ ਲੋਕਾਂ ਨੂੰ ਘਰੇਲੂ ਅਤੇ ਕਮਰਸ਼ੀਅਲ ਵਰਤੋਂ ਲਈ ਵੱਖ-ਵੱਖ ਕਿਸਮ ਦੇ ਰੇਤਾ ਤੇ ਬਜ਼ਰੀ ਦੀ ਸਪਲਾਈ ਡਿਮਾਂਡ ਅਨੁਸਾਰ ਮੁਹੱਈਆ ਕਰਵਾਈ ਜਾ ਰਹੀ ਹੈ ਅਤੇ ਰੇਤਾ ਤੇ ਬਜ਼ਰੀ ਦੇ ਮੌਜੂਦਾ ਰੇਟ ਕੀ-ਕੀ ਹਨ; ਕੀ ਸਰਕਾਰ ਇਨ੍ਹਾਂ ਰੇਟਾਂ ਨੂੰ ਘੱਟ ਕਰਨ ਦੀ ਕਿਸੇ ਤਜਵੀਜ਼ ਤੇ ਵਿਚਾਰ ਕਰ ਰਹੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

ਚੰਡੀਗੜ੍ਹ
ਮਿਤੀ 24 ਜੂਨ, 2022

ਸੁਰਿੰਦਰ ਪਾਲ,
ਸਕੱਤਰ,
ਪੰਜਾਬ ਵਿਧਾਨ ਸਭਾ।